# ਜ਼ਿਲ੍ਹਾ ਟਰਾਂਸਪੋਰਟ ਅਫ਼ਸਰ.

ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦਾ ਦਫ਼ਤਰ ਮਿੰਨੀ ਸਕੱਤਰੇਤ ਮਾਨਸਾ ਵਿੱਚ ਸਥਿਤ ਹੈ ।

## 1. *ਲਰਨਿੰਗ ਲਾਇਸੰਸ ਬਣਾਉਣ ਦਾ ਤਰੀਕਾ ।*

ਇਹ ਮੋਟਰ ਵਹੀਕਲ ਐਕਟ 1988 ਦੀ ਧਾਰਾ 10 ਅਨੁਸਾਰ ਦਿੱਤਾ ਜਾਂਦਾ ਹੈ । ਕੋਈ ਵੀ ਵਿਅਕਤੀ ਜਿਸਦੀ ਉਮਰ 18 ਸਾਲ ਤੋਂ ਉਪਰ ਹੋਵੇ ਲਾਇਸੰਸ ਬਣਾਉਣ ਲਈ ਅਰਜ਼ੀ ਪੱਤਰ ਦੇ ਸਕਦਾ ਹੈ । 16 ਸਾਲ ਤੋਂ 18 ਸਾਲ ਦੀ ਉਮਰ ਦੇ ਲੋਕ ਸਿਰਫ਼ ਬਿਨਾਂ ਗੇਅਰ ਗੱਡੀ ਮੋਪੇਡ ਦਾ ਲਾਇਸੰਸ ਬਣਵਾ ਸਕਦੇ ਹਨ । ਇਸ ਮੰਤਵ ਲਈ ਪ੍ਰਾਰਥੀ ਦੇ ਮਾਤਾ ਪਿਤਾ ਨੂੰ ਡੀ.ਟੀ.ਓ. ਦੇ ਪੇਸ਼ ਹੋ ਕੇ ਲਿਖਤੀ ਸਵੀਕਾਰਤਾ/ਰਜਾਮੰਦੀ ਦੇਣੀ ਪੈਂਦੀ ਹੈ ।

***ਵਿਧੀ:***

ਲਾਇਸੰਸ ਬਣਾਉਣ ਲਈ ਅਰਜ਼ੀ ਨਿਰਧਾਰਿਤ ਫਾਰਮ ਨੰਬਰ 2 ਅਤੇ ਫਾਰਮ ਨੰਬਰ 1 ਏ ਜੋ ਮੈਡੀਕਲ ਰਿਪੋਰਟ ਸਬੰਧੀ ਫਾਰਮ ਹਨ, ਅਰਜ਼ੀ ਨਾਲ ਹੇਠ ਲਿਖੇ ਦਸਤਾਵੇਜ ਲਗਾਉਣੇ ਹੁੰਦੇ ਹਨ ।

1. ਸਟੇਟ ਬੈਂਕ ਆਫ਼ ਪਟਿਆਲਾ ਵਿੱਚ ਨਿਰਧਾਰਿਤ ਫੀਸ ਜਮ੍ਹਾਂ ਕਰਵਾਈ ਜਾਵੇ ਜਾਂ ਦਫ਼ਤਰ ਵਿੱਚੋਂ ਹੀ ਰਸੀਦ ਕਟਵਾ ਕੇ ਫਾਰਮ ਨਾਲ ਲਾਈ ਜਾਵੇ ।
2. ਤਿੰਨ ਪਾਸਪੋਰਟ ਸਾਈਜ਼ ਦੀਆਂ ਫੋਟੋਆਂ ।
3. ਜਨਮ ਮਿਤੀ ਦੇ ਸਬੂਤ ਵਜੋਂ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ ।
4. ਰਿਹਾਇਸ਼ ਦੇ ਸਬੂਤ ਵਜੋਂ ਦਸਤਾਵੇਜ ਜਿਹੜੇ ਕਿ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ ।
   (ੳ) ਰਾਸ਼ਨ ਕਾਰਡ ਦੀ ਕਾਪੀ ।
   (ਅ) ਬਿਜਲੀ ਦੇ ਬਿਲ ਦੀ ਕਾਪੀ ।
   (ੲ) ਵੋਟਰ ਸੂਚੀ ਅਤੇ ਪ੍ਰਾਰਥੀ ਦਾ ਵੋਟ ਨੰਬਰ ।
   (ਸ) ਹਾਊਸ ਟੈਕਸ ਦੀ ਰਸੀਦ ਜਾਂ ਕਰਮਚਾਰੀ ਹੋਣ ਦਾ ਸਰਟੀਫਿਕੇਟ ।

ਤਿੰਨਾਂ ਫੋਟੋਆਂ ਵਿੱਚੋਂ ਇੱਕ ਫਾਰਮ 2 ਉਪਰ ਅਤੇ ਇੱਕ ਫਾਰਮ 1 ਏ ਉੱਤੇ ਚਿਪਕਾਈ ਜਾਂਦੀ ਹੈ । ਫਾਰਮ ਨੰਬਰ 2 ਵਾਲੀ ਫੋਟੋ ਤੇ ਪ੍ਰਾਰਥੀ ਦੇ ਦਸਤਖਤ ਅਤੇ ਫਾਰਮ ਨੰਬਰ 1 ਏ ਵਾਲੀ ਫੋਟੋ ਤੇ ਮੈਡੀਕਲ ਅਫ਼ਸਰ ਦੇ ਇਸ ਤਰ੍ਹਾ ਦਸਤਖਤ ਹੋਣੇ ਚਾਹੀਦੇ ਹਨ ਕਿ ਅੱਧੇ ਦਸਤਖਤ ਫੋਟੋ ਉੱਤੇ ਅਤੇ ਅੱਧੇ ਦਸਤਖਤ ਫਾਰਮ ਤੇ ਹੋਣ । ਮੈਡੀਕਲ ਸਰਟੀਫਿਕੇਟ ਐਮ.ਬੀ.ਬੀ.ਐਸ. ਡਾਕਟਰ ਤੋਂ ਹੋਣਾ ਜ਼ਰੂਰੀ ਹੈ ।

ਮੈਡੀਕਲ ਕਰਵਾਉਣ ਤੇ ਅਰਜ਼ੀ ਮੁਕੰਮਲ ਕਰਕੇ ਸਬੰਧਤ ਕਲਰਕ ਨੂੰ ਦੇ ਦਿੱਤੀ ਜਾਂਦੀ ਹੈ, ਜਿਸ ਉਪਰੰਤ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਪ੍ਰਾਰਥੀ ਦਾ ਜ਼ਬਾਨੀ ਟੈਸਟ ਲੈਂਦੇ ਹਨ, ਜਿਸਦੇ ਪਾਸ ਹੋਣ ਤੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਲਾਇਸੰਸ ਜਾਰੀ ਕਰਨ ਦੀ ਹਦਾਇਤ ਅਰਜ਼ੀ ਤੇ ਦਿੰਦੇ ਹਨ । ਸਬੰਧਤ ਕਲਰਕ ਲਾਇਸੰਸ ਤਿਆਰ ਕਰਕੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਤੋਂ ਦਸਤਖਤ ਕਰਵਾਉਂਦੇ ਹਨ । ਇਹ ਲਾਇਸੰਸ 6 ਮਹੀਨੇ ਲਈ ਜਾਰੀ ਕੀਤੇ ਜਾਂਦੇ ਹਨ । ਜਿਸਦੇ ਬਾਅਦ ਪੱਕੇ ਲਾਇਸੰਸ ਲਈ ਦਰਖਾਸਤ 6 ਹਫਤਿਆਂ ਬਾਅਦ ਦਿੱਤੀ ਜਾ ਸਕਦੀ ਹੈ । ਲਾਇਸੰਸ 4 ਦਿਨ ਦੇ ਅੰਦਰ ਅੰਦਰ ਜਾਰੀ ਕਰ ਦਿੱਤਾ ਜਾਂਦਾ ਹੈ ।

ਇਹ ਮੋਟਰ ਵਹੀਕਲ ਐਕਟ 1988 ਦੀ ਧਾਰਾ 11 ਅਨੁਸਾਰ ਜਾਰੀ ਕੀਤਾ ਜਾਂਦਾ ਹੈ। ਪੱਕਾ ਲਾਇਸੰਸ 6 ਹਫ਼ਤਿਆਂ ਤੋਂ 6 ਮਹੀਨਿਆਂ ਦੇ ਸਮੇਂ ਬਾਅਦ ਹੀ ਬਣਾਇਆ ਜਾਂਦਾ ਹੈ। ਪੱਕਾ ਲਾਇਸੰਸ ਬਣਾਉਣ ਲਈ ਨਿਮਨ ਲਿਖਤ ਦਸਤਾਵੇਜ ਪ੍ਰਾਰਥਨਾ ਪੱਤਰ ਦੇ ਨਾਲ ਲਗਾ ਕੇ ਪੇਸ਼ ਕੀਤੇ ਜਾਣ :-

1. ਨਿਰਧਾਰਿਤ ਲਾਇਸੰਸ ਫੀਸ (1 ਆਇਟਮ ਦੀ 90/ + 50/ +50/)
2. ਲਰਨਰਜ਼ ਲਾਇਸੰਸ ਅਸਲੀ।
3. ਤਿੰਨ ਪਾਸਪੋਰਟ ਸਾਇਜ਼ ਦੀਆਂ ਫੋਟੋਆਂ।

ਅਰਜ਼ੀ ਮੁਕੰਮਲ ਕਰਕੇ ਦਫ਼ਤਰ ਵਿੱਚ ਸਬੰਧਤ ਕਲਰਕ ਨੂੰ ਦਿੱਤੀ ਜਾਂਦੀ ਹੈ, ਪ੍ਰਾਰਥੀ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੇ ਸਾਹਮਣੇ ਪੇਸ਼ ਹੁੰਦਾ ਹੈ, ਜਿਸਤੇ ਸਬੰਧਤ ਅਫ਼ਸਰ ਵਿਅਕਤੀ ਨੂੰ ਮੋਟਰ ਵਹੀਕਲ ਇੰਸਪੈਕਟਰ (ਐ.ਵੀ. ਆਈ.) ਦੇ ਸਾਹਮਣੇ ਟੈਸਟ ਲਈ ਪੇਸ਼ ਹੋਣ ਲਈ ਮਾਰਕ ਕਰ ਦਿੰਦੇ ਹਨ। ਮੋਟਰ ਵਹੀਕਲ ਇੰਸਪੈਕਟਰ ਦੀ ਸਹੀ ਰਿਪੋਰਟ ਆਉਣ ਤੇ ਸਬੰਧਤ ਕਲਰਕ ਵਲੋਂ ਪੱਕਾ ਲਾਇਸੰਸ ਤਿਆਰ ਕਰਕੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੇ ਦਸਤਖਤ ਕਰਵਾਉਣ ਉਪਰੰਤ ਜਾਰੀ ਕਰ ਦਿੱਤਾ ਜਾਂਦਾ ਹੈ। ਇਹ ਲਾਇਸੰਸ 50 ਸਾਲ ਦੀ ਉਮਰ ਤੱਕ ਬਣਾਇਆ ਜਾਂਦਾ ਹੈ, ਇਸ ਲਈ ਵੱਧ ਤੋਂ ਵੱਧ ਸਮਾਂ 8 ਤੋਂ 10 ਦਿਨ ਲਗਦਾ ਹੈ।

## 2 *ਡੁਪਲੀਕੇਟ ਲਾਇਸੰਸ ਜਾਰੀ ਕਰਵਾਉਣ ਬਾਰੇ :*

ਨਿਰਧਾਰਿਤ ਫਾਰਮ ਅਤੇ ਨਿਰਧਾਰਿਤ ਫੀਸ ਜਮ੍ਹਾਂ ਕਰਵਾ ਕੇ ਤਿੰਨ ਪਾਸਪੋਰਟ ਸਾਇਜ਼ ਦੀਆਂ ਫੋਟੋਆਂ ਅਤੇ ਡੁਪਲੀਕੇਟ ਲਾਇਸੰਸ ਬਣਾਉਣ ਦੇ ਕਾਰਨਾਂ ਤੋਂ ਸੰਤੁਸ਼ਟ ਹੋਣ ਤੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਸਬੰਧਤ ਕਲਰਕ ਨੂੰ ਲਾਇਸੰਸ ਜਾਰੀ ਕਰਨ ਲਈ ਹਦਾਇਤ ਕਰ ਦਿੰਦੇ ਹਨ। ਜਿਸ ਤੇ ਲਾਇਸੰਸ ਤਿਆਰ ਕਰਕੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੇ ਦਸਤਖਤ ਉਪਰੰਤ ਇੱਕ ਹਫ਼ਤੇ ਦੇ ਅੰਦਰ ਅੰਦਰ ਡੁਪਲੀਕੇਟ ਲਾਇਸੰਸ ਜਾਰੀ ਕਰ ਦਿੱਤਾ ਜਾਂਦਾ ਹੈ।

## 3 *ਨਵੀਨੀਕਰਨ ਬਾਰੇ:*

ਇਹ ਮੋਟਰ ਵਹੀਕਲ ਐਕਟ 1988 ਦੀ ਧਾਰਾ 15 ਅਤੇ ਮੋਟਰ ਵਹੀਕਲ ਨਿਯਮਾਂ 1988 ਦੇ ਨਿਯਮ 18 ਅਨੁਸਾਰ ਜਾਰੀ ਕੀਤਾ ਜਾਂਦਾ ਹੈ। ਅਰਜ਼ੀ ਫਾਰਮ ਨੰਬਰ 8 ਉੱਤੇ ਅਤੇ ਫਾਰਮ ਨੰਬਰ 1 ਏ ਤੇ ਮੈਡੀਕਲ ਕਰਵਾ ਕੇ ਤਿੰਨ ਪਾਸਪੋਰਟ ਸਾਇਜ਼ ਦੀਆਂ ਫੋਟੋਆਂ ਅਤੇ ਨਿਰਧਾਰਿਤ ਫੀਸ ਜਮ੍ਹਾਂ ਕਰਵਾ ਕੇ ਫਾਰਮ ਨਾਲ ਦਫ਼ਤਰ ਵਿੱਚ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੇ ਪੇਸ਼ ਕੀਤੇ ਜਾਂਦੇ ਹਨ, ਜਿਸਤੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਸਬੰਧਤ ਕਲਰਕ ਨੂੰ ਲਾਇਸੰਸ ਰਨੀਊ ਕਰਨ ਦੀ ਹਦਾਇਤ ਦੇ ਦਿੰਦੇ ਹਨ। ਉਸਤੋਂ ਬਾਅਦ ਸਬੰਧਤ ਕਲਰਕ ਲਾਇਸੰਸ ਰੀਨਿਊ ਕਰਕੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੇ ਦਸਤਖਤ ਕਰਵਾ ਲੈਂਦਾ ਹੈ। ਲਾਇਸੰਸ ਰਨੀਊ ਕਰਾਉਣ ਲਈ 1 ਮਹੀਨੇ ਦਾ ਗਰੇਸ ਪੀਰੀਅਡ ਦਿੱਤਾ ਜਾਂਦਾ ਹੈ, ਉਸਤੋਂ ਬਾਅਦ 1 ਸਾਲ ਤੱਕ ਲੇਟ ਫੀਸ 100/- ਰੁਪੈ ਲਈ ਜਾਂਦੀ ਹੈ, ਉਸਤੋਂ ਬਾਅਦ ਹਰ ਸਾਲ 100/- ਰੁਪਏ ਲੇਟ ਫੀਸ ਵਜੋਂ ਲਏ ਜਾਂਦੇ ਹਨ। ਜੇ ਲਾਇਸੰਸ ਪ੍ਰਾਈਵੇਟ ਹੋਵੇ ਤਾਂ 5 ਸਾਲ ਤੱਕ ਲੇਟ ਦਾ ਲਾਇਸੰਸ ਲੇਟ ਫੀਸ ਨਾਲ ਰਨੀਊ ਹੁੰਦਾ ਹੈ। ਜੇ ਲਾਇਸੰਸ ਕਮਰਸ਼ੀਅਲ ਹੋਵੇ ਤਾਂ ਤਿੰਨ ਸਾਲ ਤੱਕ ਲੇਟ ਫੀਸ ਨਾਲ ਰੀਨਿਊ ਕੀਤਾ ਜਾ ਸਕਦਾ ਹੈ। ਇਸ ਵਾਸਤੇ 7 ਦਿਨ ਦਾ ਸਮਾਂ ਲੱਗਦਾ ਹੈ।

## 4 *ਨਵੀਂ ਰਜਿਸਟ੍ਰੇਸ਼ਨ ਕਰਵਾਉਣ ਸਬੰਧੀ:*

ਇਹ ਮੋਟਰ ਵਹੀਕਲ ਐਕਟ 1988 ਦੀ ਧਾਰਾ 41 (6) ਅਤੇ ਮੋਟਰ ਵਹੀਕਲ ਨਿਯਮ 1989 ਦੇ ਨਿਯਮ

48 ਅਨੁਸਾਰ ਜਾਰੀ ਕੀਤੀ ਜਾਂਦੀ ਹੈ । ਅਰਜ਼ੀ ਫਾਰਮ ਨੰਬਰ 20 ਤੇ ਦਿੱਤੀ ਜਾਂਦੀ ਹੈ, ਅਰਜ਼ੀ ਤੇ ਚੈਸੀ ਨੰਬਰ ਪੈਨਸ਼ਨ ਟਰੇਸ ਕਰਕੇ ਹੇਠ ਲਿਖੇ ਦਸਤਾਵੇਜ ਲਗਾ ਕੇ ਦਫ਼ਤਰ ਵਿੱਚ ਸਬੰਧਤ ਕਲਰਕ ਨੂੰ ਦਿੱਤੀ ਜਾਂਦੀ ਹੈ :-

1. ਫਾਰਮ ਨੰ: 20,21 ਅਤੇ 22
2. ਰਿਹਾਇਸ਼ ਦਾ ਸਬੂਤ
3. ਉਮਰ ਦਾ ਸਬੂਤ
4. ਗੱਡੀ ਦਾ ਫਿਟਨੈਸ ਸਰਟੀਫਿਕੇਟ
5. ਗੱਡੀ ਦੇ ਬੀਮੇ ਦੀ ਕਾਪੀ
6. ਚਲਾਨ ਫਾਰਮ ਦੀ ਕਾਪੀ (ਨਿਸ਼ਚਿਤ ਫੀਸ ਜਮ੍ਹਾਂ ਕਰਾਉਣ ਉਪਰੰਤ)
7. ਸੇਲ ਲੈਟਰ (ਬਿਲ) ਵਗੈਰਾ ਸਾਰੇ ਕਾਗਜ਼ਾਤ ਸਹੀ ਹੋਣ ਸਬੰਧੀ ਇੱਕ ਬਿਆਨ ਹਲਫੀਆ ।
8. ਫਾਰਮ 60 ਚਾਰ ਪਹੀਆ ਗੱਡੀਆਂ (ਗੈਰ ਵਪਾਰਕ) ਦੀ ਰਜਿਸਟ੍ਰੇਸ਼ਨ ਲਈ ਲੋੜੀਂਦਾ ਹੈ, ਜਿਸ ਤੇ ਇਹ ਤਸਦੀਕ ਹੋ ਸਕੇ ਕਿ ਗੱਡੀ ਦਾ ਮਾਲਕ ਸਰਕਾਰ ਨੂੰ **Income Tax** ਦੀ ਅਦਾਇਗੀ ਨਿਯਮਤ ਤੌਰ ਤੇ

ਕਰਦਾ ਹੈ । ਦਸਤਾਵੇਜ ਦਫ਼ਤਰ ਵਿੱਚ ਪੇਸ਼ ਕਰਨ ਉਪਰੰਤ ਗੱਡੀ ਦੀ ਇੰਸਪੈਕਸ਼ਨ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਆਪ ਕਰਦੇ ਹਨ, ਜਿਸ ਉਪਰੰਤ ਸਬੰਧਤ ਕੇਸ ਤਿਆਰ ਕਰਕੇ ਜ਼ਿਲ੍ਹਾ ਟਰਾਂਸਪੋਰਟ ਕਲਰਕ ਰਜਿਸਟਰੇਸ਼ਨ ਕਾਪੀ ਤਿਆਰ ਕਰਕੇ ਰਜਿਸਟਰ ਵਿੱਚ ਲੋੜੀਂਦੇ ਇੰਦਰਾਜ ਕਰਕੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੇ ਦਸਤਖਤਾਂ ਲਈ ਪੇਸ਼ ਕਰਦਾ ਹੈ । ਦਸਤਖਤ ਹੋਣ ਤੇ ਰਜਿਸਟਰੇਸ਼ਨ ਲਈ ਗੱਡੀ ਖਰੀਦਣ ਦੇ ਸੱਤ ਦਿਨਾਂ ਦੇ ਅੰਦਰ ਹੀ ਪ੍ਰਾਰਥਨਾ ਕਰਨੀ ਪੈਂਦੀ ਹੈ, ਲੇਟ ਹੋਣ ਉਪਰੰਤ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ GSR.103/CA-59/88/53,65,96 and (16)/2001 ਮਿਤੀ 29-10-2001 ਵਿੱਚ ਨਿਰਧਾਰਤ ਕੀਤੇ ਰੇਟਾਂ ਤੇ ਵਸੂਲ ਕੀਤੀ ਜਾਂਦੀ ਹੈ ।

### 4 *ਦੂਸਰੇ ਰਾਜਾਂ ਤੋਂ ਖਰੀਦੀਆਂ ਗੱਡੀਆਂ ਦੀ ਰਜਿਸਟਰੇਸ਼ਨ ਕਰਾਉਣ ਦਾ ਤਰੀਕਾ :*

ਗੱਡੀ ਦੀ ਰਜਿਸਟਰੇਸ਼ਨ ਕਰਾਉਣ ਲਈ ਅਰਜ਼ੀ ਨਿਰਧਾਰਤ ਅਰਜ਼ੀ ਪੱਤਰ ਤੇ ਦੇਣੀ ਹੁੰਦੀ ਹੈ । ਇਸ ਲਈ ਗੱਡੀ ਵੇਚਣ ਵਾਲੇ ਨੂੰ ਐਨ.ਓ.ਸੀ. ਲਈ ਉਸ ਦਫ਼ਤਰ ਨੂੰ ਪ੍ਰਾਰਥਨਾ ਕਰਨੀ ਹੁੰਦੀ ਹੈ, ਜਿੱਥੇ ਗੱਡੀ ਦੀ ਰਜਿਸਟਰੇਸ਼ਨ ਹੋਈ ਹੋਵੇ, ਜਿਸ ਦੀ ਕਾਪੀ ਸਬੰਧਤ ਦਫ਼ਤਰ ਜਿੱਥੋਂ ਗੱਡੀ ਰਜਿਸਟਰਡ ਕਰਾਉਣੀ ਹੋਵੇ, ਦਫ਼ਤਰ ਨੂੰ ਭੇਜ ਦਿੱਤੀ ਜਾਂਦੀ ਹੈ । ਅਰਜ਼ੀ ਦੇ ਨਾਲ ਹਲਫੀਆ ਬਿਆਨ ਖਰੀਦਣ ਅਤੇ ਵੇਚਣ ਵਾਲੇ ਦੇ ਲਗਾਏ ਜਾਂਦੇ ਹਨ । ਕੇਸ ਦਫ਼ਤਰ ਵਿੱਚ ਪੇਸ਼ ਹੋਣ ਤੋਂ ਬਾਅਦ ਐਨ.ਓ.ਸੀ. ਦੀ ਕਨਫਰਮੇਸ਼ਨ ਲਈ ਸਬੰਧਤ ਦਫ਼ਤਰ ਤੋਂ ਤਾਰ ਰਾਹੀਂ ਪੁੱਛਿਆ ਜਾਂਦਾ ਹੈ, ਜਿਸ ਲਈ ਕਨਫਰਮੇਸ਼ਨ ਫੀਸ ਪ੍ਰਾਰਥੀ ਨੂੰ ਹੀ ਦੇਣੀ ਪੈਂਦੀ ਹੈ । ਕਨਫਰਮੇਸ਼ਨ ਤੋਂ ਬਾਅਦ ਸਬੰਧਤ ਕਲਰਕ ਕੇਸ ਤਿਆਰ ਕਰਕੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੇ ਦਸਤਖਤ ਕਰਵਾ ਲੈਂਦਾ ਹੈ (ਸਮਾਂ ਲਗਭਗ 1 ਮਹੀਨਾ) ।

### 5 *ਡੁਪਲੀਕੇਟ ਕਾਪੀ ਬਣਾਉਣ ਸਬੰਧੀ :*

ਇਹ ਮੋਟਰ ਵਹੀਕਲ ਐਕਟ 1988 ਦੀ ਧਾਰਾ 41 (14) ਅਨੁਸਾਰ ਜਾਰੀ ਕੀਤੀ ਜਾਂਦੀ ਹੈ । ਇਸ ਵਿੱਚ ਮੋਟਰ ਵਹੀਕਲ ਨਿਯਮ 1989 ਦੇ ਨਿਯਮਾਂ 53 ਲਾਗੂ ਹੁੰਦੇ ਹਨ । ਅਰਜ਼ੀ ਨਿਰਧਾਰਤ ਫਾਰਮ ਨੰਬਰ 26 ਤੇ ਦੇਣੀ ਹੁੰਦੀ ਹੈ । ਅਰਜ਼ੀ ਨਾਲ ਨਿਰਧਾਰਤ ਫੀਸ ਜਿਹੜੀ ਰਜਿਸਟਰੇਸ਼ਨ ਫੀਸ ਤੋਂ ਅੱਧੀ ਹੁੰਦੀ ਹੈ, ਦਾ ਚਲਾਨ ਫਾਰਮ ਜਾਂ ਦਫ਼ਤਰ ਵਿੱਚ ਫੀਸ ਨਕਦ ਜਮਾਂ ਕਰਵਾ ਕੇ ਰਸੀਦ (ਪੁਰਾਣੀ ਕਾਪੀ ਖਰਾਬ ਹੋ ਜਾਣ ਦੀ ਸੂਰਤ ਵਿੱਚ ਅਸਲ ਰਜਿਸਟਰੇਸ਼ਨ ਕਾਪੀ ਗੁੰਮ ਹੋਣ ਦੀ ਸੂਰਤ ਵਿੱਚ (ਐਫ.ਆਈ.ਆਰ.) ਦੀ ਕਾਪੀ ਅਤੇ ਹਲਫੀਆ ਬਿਆਨ ਆਦਿ ਵੀ

ਅਰਜ਼ੀ ਨਾਲ ਲਗਾ ਕੇ ਦਫ਼ਤਰ ਵਿੱਚ ਪੇਸ਼ ਕੀਤੀ ਜਾਂਦੀ ਹੈ। ਕੇਸ ਦਫ਼ਤਰ ਵਿੱਚ ਆਉਣ ਤੇ ਪ੍ਰਾਰਥੀ ਨੂੰ ਰਸੀਦ ਦੇ ਦਿੱਤੀ ਜਾਂਦੀ ਹੈ। ਇਸ ਉਪਰੰਤ ਸਬੰਧਤ ਕਲਰਕ ਨਵੀਂ ਕਾਪੀ ਤਿਆਰ ਕਰਕੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੇ ਹੁਕਮ ਲੈ ਕੇ ਦਸਤਖਤ ਕਰਵਾ ਲੈਂਦਾ ਹੈ। ਜੇਕਰ ਪ੍ਰਾਰਥੀ ਨੇ ਕੇਵਲ ਪਤਾ ਹੀ ਬਦਲੀ ਕਰਵਾਉਣਾ ਹੋਵੇ ਤਾਂ ਉਸਨੂੰ ਪਤਾ ਤਬਦੀਲੀ ਫੀਸ 20/- ਰੁਪਏ ਜਮ੍ਹਾਂ ਕਰਾਉਣੀ ਪੈਂਦੀ ਹੈ, ਡੁਪਲੀਕੇਟ ਕਾਪੀ ਸਿਰਫ਼ ਉਥੋਂ ਦੀ ਰਜਿਸਟਰਿੰਗ ਅਥਾਰਟੀ ਜਾਰੀ ਕਰ ਸਕਦੀ ਹੈ, ਜਿੱਥੋਂ ਕਿ ਗੱਡੀ ਦੀ ਰਜਿਸਟਰੇਸ਼ਨ ਹੋਈ ਹੋਵੇ।

## 6. *ਮਲਕੀਅਤ ਦੀ ਬਦਲੀ ਬਾਰੇ:*

ਇਹ ਮੋਟਰ ਵਹੀਕਲ ਨਿਯਮਾਂ 1989 ਦੇ ਨਿਯਮ 55 ਅਨੁਸਾਰ ਕੀਤੀ ਜਾਂਦੀ ਹੈ। ਅਰਜ਼ੀ ਨਿਰਧਾਰਤ ਫਾਰਮ ਨੰਬਰ 29 (ਦੋ ਪਰਤਾਂ ਵਿੱਚ) ਅਤੇ ਟੀ.ਓ. ਫਾਰਮ ਤੇ ਦੇਣੀ ਹੁੰਦੀ ਹੈ। ਅਰਜ਼ੀ ਨਾਲ ਖਰੀਦਦਾਰ ਦੇ ਰਿਹਾਇਸ਼ ਦੇ ਪਤੇ ਦਾ ਸਬੂਤ, ਬੀਮੇ ਦੀ ਕਾਪੀ ਅਤੇ ਹਲਫੀਆ ਬਿਆਨ ਲਗਾਉਣੇ ਹੁੰਦੇ ਹਨ। ਅਰਜ਼ੀ ਦਫ਼ਤਰ ਵਿੱਚ ਆਉਣ ਤੇ ਪ੍ਰਾਰਥੀ ਨੂੰ ਰਸੀਦ ਦਿੱਤੀ ਜਾਂਦੀ ਹੈ। ਕੇਸ ਤਿਆਰ ਕਰਕੇ ਸਬੰਧਤ ਕਲਰਕ ਜ਼ਿਲ੍ਹਾ ਟਰਾਂਸਪੋਰਟ ਦੇ ਕੋਲ ਦਸਤਖਤ ਲਈ ਪੇਸ਼ ਕਰਦਾ ਹੈ, ਜਿਸਤੇ ਗੱਡੀ ਦੀ ਮਲਕੀਅਤ ਬਦਲੀ ਜਾਂਦੀ ਹੈ। ਜੇ ਗੱਡੀ ਬਾਹਰਲੀ ਰਜਿਸਟਰਿੰਗ ਅਥਾਰਟੀ ਪਾਸ ਰਜਿਸਟਰਡ ਹੋਈ ਹੋਵੇ ਤਾ ਇੱਕ ਮਹੀਨੇ ਦਾ ਨੋਟਿਸ ਜਾਰੀ ਕੀਤਾ ਜਾਂਦਾ ਹੈ ਅਤੇ ਮਿੱਥੇ ਸਮੇਂ ਤੋਂ ਬਾਅਦ ਮਲਕੀਅਤ ਦੀ ਬਦਲੀ ਕੀਤੀ ਜਾਂਦੀ ਹੈ। ਇਸ ਮੰਤਵ ਲਈ ਸਮਾਂ 15 ਦਿਨ ਅਤੇ ਬਾਹਰਲੇ ਨੰਬਰ ਵਾਲੀ ਗੱਡੀ ਦੀ ਮਲਕੀਅਤ ਬਦਲੀ ਲਈ 1 ਮਹੀਨਾ ਲੱਗਦਾ ਹੈ।

## 7. *ਕੰਡਕਟਰ ਲਾਇਸੰਸ ਜਾਰੀ ਕਰਨ ਬਾਰੇ :*

ਨਿਰਧਾਰਿਤ ਫਾਰਮ ਨਾਲ ਲੋੜੀਂਦੀ ਫੀਸ, ਮੈਟ੍ਰਿਕ ਦਾ ਸਰਟੀਫਿਕੇਟ, ਫਸਟ-ਏਡ ਦੀ ਟ੍ਰੇਨਿੰਗ ਦਾ ਸਰਟੀਫਿਕੇਟ ਅਤੇ ਤਿੰਨ ਪਾਸਪੋਰਟ ਸਾਇਜ਼ ਦੀਆਂ ਫੋਟੋਆਂ। ਇਸ ਲਾਇਸੰਸ ਦੇ ਜਾਰੀ ਕਰਨ ਲਈ ਜ਼ਰੂਰੀ ਦਸਤਾਵੇਜ਼ ਹਨ।

### *ਤਰੀਕਾ:*

ਨਿਰਧਾਰਿਤ ਫਾਰਮ ਅਤੇ ਅਰਜ਼ੀ ਨਾਲ ਮੈਟ੍ਰਿਕ ਪਾਸ ਦੇ ਸਰਟੀਫਿਕੇਟ ਦੀ ਕਾਪੀ, ਫਸਟ ਏਡ ਦਾ ਸਰਟੀਫਿਕੇਟ ਅਤੇ 50/- ਰੁਪੈ ਫੀਸ ਦਫ਼ਤਰ ਵਿੱਚ ਜਮ੍ਹਾਂ ਕਰਵਾਈ ਜਾਂਦੀ ਹੈ। ਇਸ ਉਪਰੰਤ ਐਸ.ਐਸ.ਪੀ. ਤੋ ਚਾਲ ਚਲਣ ਦੀ ਤਸਦੀਕ ਕਰਵਾਈ ਜਾਂਦੀ ਹੈ ਅਤੇ ਕਿਸੇ ਵੀ ਐਮ.ਬੀ.ਬੀ.ਐਸ. ਡਾਕਟਰ ਪਾਸੋਂ ਮੈਡੀਕਲ ਕਰਾਉਣਾ ਪੈਂਦਾ ਹੈ। ਇਹ ਸਾਰੀ ਕਾਰਵਾਈ ਹੋਣ ਤੇ ਸਬੰਧਤ ਕਲਰਕ ਕਾਪੀ ਪੂਰੀ ਕਰਕੇ ਡੀ.ਟੀ.ਓ. ਪਾਸੋਂ ਹੁਕਮ ਲੈ ਕੇ ਲਾਇਸੰਸ ਦੀ ਕਾਪੀ ਤਿਆਰ ਕਰਕੇ ਦਸਤਖਤ ਕਰਵਾ ਲੈਂਦਾ ਹੈ। ਇਹ ਲਾਇਸੰਸ 3 ਸਾਲ ਲਈ ਜਾਰੀ ਕੀਤਾ ਜਾਂਦਾ ਹੈ ਅਤੇ ਪ੍ਰਾਰਥੀ ਨੂੰ ਤਿੰਨ ਸਾਲ ਬਾਅਦ ਇਹ ਰਨਿਊ ਕਰਾਉਣਾ ਪੈਂਦਾ ਹੈ।

### *ਵੱਖ ਵੱਖ ਗੱਡੀਆਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਫੀਸ ਦਾ ਵੇਰਵਾ ਇਸ ਪ੍ਰਕਾਰ ਹੈ :-*

| | | |
|---|---|---|
| 1. | ਦੋ ਪਹੀਆ ਵਾਹਨ | 60/- |
| 2. | ਲਾਇਟ ਨਾਨ ਕਮਰਸ਼ੀਅਲ | 200/- |
| 3. | ਲਾਇਟ ਕਮਰਸ਼ੀਅਲ | 300/- |
| 4. | ਮੀਡੀਅਮ ਕਮਰਸ਼ੀਅਲ | 400/- |
| 5. | ਹੈਵੀ ਗੱਡੀਆਂ | 600/- |

| | | |
|---|---|---|
| 6. | ਵਿਦੇਸ਼ੀ ਦੋ ਪਹੀਆ | 200/- |
| 7. | ਵਿਦੇਸ਼ੀ ਗੱਡੀਆਂ (ਚਾਰ ਪਹੀਆ) | 800/- |
| 8. | ਉਪਰੋਕਤ ਗੱਡੀਆਂ ਤੋਂ ਇਲਾਵਾ | 300/- |
| 9. | ਐਚ.ਪੀ.ਏ. ਚੜ੍ਹਾਉਣ ਜਾਂ ਕੈਂਸਲ | 100/- |

*ਨੋਟ:*

ਡੁਪਲੀਕੇਟ ਰਜਿਸਟਰੇਸ਼ਨ ਜਾਂ ਟਰਾਂਸਫਰ ਕਰਾਉਣ ਲਈ ਉਪਰੋਕਤ ਦੱਸੀ ਫੀਸ ਨਾਲੋਂ ਅੱਧੀ ਫੀਸ ਵਸੂਲੀ ਜਾਂਦੀ ਹੈ। ਵੱਖ-ਵੱਖ ਗੱਡੀਆਂ ਲਈ ਭਰੇ ਜਾਣ ਬਾਰੇ ਰੋਡ ਟੈਕਸ ਦਾ ਵੇਰਵਾ :

1. ਸਕੂਟਰ ਜਾਂ ਮੋਟਰ ਸਾਇਕਲ
   - (i). ਜਿੰਨ੍ਹਾਂ ਦੀ ਕੀਮਤ 15000 ਰੁ: ਤੱਕ ਹੋਵੇ — ਕੀਮਤ ਦਾ 3%
   - (ii). ਜਿੰਨ੍ਹਾਂ ਦੀ ਕੀਮਤ 15000 ਰੁ: ਤੋਂ ਵੱਧ ਹੋਵੇ — ਕੀਮਤ ਦਾ 4%
2. ਚਾਰ ਪਹੀਆ ਗੱਡੀ (ਨਾਨ ਕਮਰਸ਼ੀਅਲ) — ਕੀਮਤ ਦਾ 2%
3. ਟਰੱਕ — 4760/-
4. ਮਿੰਨੀ ਬੱਸ — 7500/-
5. ਵੱਡੀ ਬੱਸ (ਪ੍ਰਤੀ ਸੀਟ ਸਲਾਨਾ) 650/- ਰੁਪੈ ਅਤੇ 5/- ਰੁਪੈ ਪ੍ਰਤੀ ਕਿਲੋਮੀਟਰ ਪ੍ਰਤੀ ਬੱਸ ਸਪੈਸ਼ਲ ਰੋਡ ਟੈਕਸ ਲਿਆ ਜਾਂਦਾ ਹੈ।

***ਲਾਇਸੰਸ ਫੀਸਾਂ ਦਾ ਵੇਰਵਾ :***

1. ਲਰਨਿੰਗ ਲਾਇਸੰਸ 30/- ਰੁਪੈ ਪ੍ਰਤੀ ਆਇਟਮ
2. ਪੱਕਾ ਲਾਇਸੰਸ (ਫਾਰਮ 6 ਤੇ ਜਾਰੀ ਕਰਨ ਦੀ ਫੀਸ 40/- ਰੁ:
   ਫਾਰਮ 7 ਤੇ ਜਾਰੀ ਕਰਨ ਦੀ ਫੀਸ 200/- ਰੁ:) + 50/- ਰੁ: ਪ੍ਰਤੀ ਆਇਟਮ।
3. ਡੁਪਲੀਕੇਟ ਲਾਇਸੰਸ ਫਾਰਮ 6 ਤੇ ਜਾਰੀ ਕਰਨ ਦੀ ਫੀਸ 20/- ਰੁ: ਫਾਰਮ 7 ਤੇ 100/- ਰੁ:
4. ਲਾਇਸੰਸ ਵਿੱਚ ਇਨਡੋਰਸਮੈਂਟ 50/- ਰੁਪੈ ਪ੍ਰਤੀ ਆਇਟਮ
5. ਰਨਿਊ 50/- ਰੁਪੈ
6. ਬੱਸ ਪਰਮਿਟ ਲੈਣ ਸਬੰਧੀ

ਕਿਸੇ ਵੀ ਬੱਸ ਦਾ ਪਰਮਿਟ ਮੋਟਰ ਗੱਡੀ ਐਕਟ 1988 ਦੀ ਧਾਰਾ 72 ਅਧੀਨ ਕੀਤਾ ਜਾਂਦਾ ਹੈ। ਇਸ ਸਬੰਧੀ ਕੋਈ ਵੀ ਜਾਣਕਾਰੀ ਜਾਂ ਅਰਜ਼ੀ ਬਿਨੈਕਾਰ ਨੂੰ ਸਕੱਤਰ ਆਰ.ਟੀ.ਏ. ਦੇ ਦਫ਼ਤਰ ਤੋਂ ਪ੍ਰਾਪਤ ਕਰਨੀ ਪੈਂਦੀ ਹੈ।